# ਸੰਵਾਦ

ISSN : 2395-1273

## ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

**A Peer Reviewed Punjabi Research Journal**

**ਛਿਮਾਹੀ ਖੋਜ ਰਸਾਲਾ**

**17ਵਾਂ ਅੰਕ ‖ ਜਨਵਰੀ-ਜੂਨ 2023**

**ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ ਅਤੇ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸਜ਼ ਐਂਡ ਰਿਸਰਚ (ICSSR) ਨਵੀਂ ਦਿੱਲੀ ਵੱਲੋਂ ਵਿਤੀ ਸਹਾਇਤਾ ਪ੍ਰਾਪਤ ਖੋਜ-ਜਰਨਲ**

**ਸਰਪ੍ਰਸਤ**

*ਡਾ. ਮਹਿਲ ਸਿੰਘ*

*ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ*

**ਮੁੱਖ ਸੰਪਾਦਕ**

*ਡਾ. ਮਹਿਲ ਸਿੰਘ*

**ਸੰਪਾਦਕ**

*ਡਾ. ਆਤਮ ਸਿੰਘ ਰੰਧਾਵਾ*

ESTD. 1892

**ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ**

ਖ਼ਾਲਸਾ ਕਾਲਜ ਅੰਮ੍ਰਿਤਸਰ-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL**
**Financial Sport by ICSSR, New Delhi)**

Email : sanvadpunjabi@gmail.com, www.sanvad.org



**Patron & Chief Editor:**
***Dr. Mehal Singh***
**+91-85288-28200**

**Editor:**
***Dr. Atam Singh Randhawa***
**+9198722-17273**



**ISSN : 2395-1273** | **January-June 2023**



**ਸਲਾਹਕਾਰ ਬੋਰਡ**

ਪ੍ਰੋ. (ਡਾ.) **ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪ੍ਰੋ. (ਡਾ.) **ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰੋ. (ਡਾ.) **ਯੋਗਰਾਜ ਅੰਗਰਿਸ਼**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਪ੍ਰੋ. (ਡਾ.) **ਸਰਬਜੀਤ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਪ੍ਰੋ. (ਡਾ.) **ਰਵੀ ਰਵਿੰਦਰ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

ਪ੍ਰੋ. (ਡਾ.) **ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank KOT KHALSA, AMRITSAR



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 9ਵਾਂ, ਅੰਕ - 17ਵਾਂ ॥ ਜਨਵਰੀ-ਜੂਨ 2023**

## ਤਤਕਰਾ

- **ਸੰਪਾਦਕੀ** 5-6
- **ਆਧੁਨਿਕਤਾ ਤੇ ਆਧੁਨਿਕ ਕਾਵਿ-ਸੰਵੇਦਨਾ** 7-15
  ਡਾ. ਕਰਮਜੀਤ ਸਿੰਘ
- **ਬਹੁ ਅਤੇ ਪਾਰ-ਰਾਸ਼ਟਰੀ ਪੰਜਾਬੀ ਸਭਿਆਚਾਰ** 16-21
  ਡਾ. ਅਮਰਜੀਤ ਸਿੰਘ ਗਰੇਵਾਲ
- **ਭਾਈ ਵੀਰ ਸਿੰਘ : ਸਾਹਿਤਕਾਰੀ ਦਾ ਯੁੱਗ ਪੁਰਸ਼** 22-27
  ਡਾ. ਮਹਿਲ ਸਿੰਘ
- **ਪੰਜਾਬੀ ਵੈੱਬਸਾਈਟਾਂ 'ਤੇ ਸ਼ਬਦ-ਜੋੜਾਂ ਦੀਆਂ ਗ਼ਲਤੀਆਂ : ਸਰਵੇਖਣ ਅਤੇ ਵਿਵੇਚਨ** 28-49
  ਡਾ. ਗੁਰਪ੍ਰੀਤ ਸਿੰਘ ਲਹਿਲ ਤੇ ਡਾ. ਹਰਵਿੰਦਰ ਪਾਲ ਕੌਰ
- **'ਮੱਧਮ-ਮੱਧਮ': ਨਾਰੀ-ਮਨ ਦੀਆਂ ਅਕਾਂਖਿਆਵਾਂ ਦਾ ਕਾਵਿਕ ਪੈਰਾਡਾਈਮ** 50-58
  ਡਾ. ਯੋਗਰਾਜ
- **ਕਿਸਾਨ ਅੰਦੋਲਨ : ਨਵੀਂ ਰਾਜਨੀਤਕ ਚੇਤਨਾ ਦਾ ਆਗਮਨ** 59-66
  ਡਾ. ਅਮਨਪ੍ਰੀਤ ਸਿੰਘ ਗਿੱਲ
- **ਹਰਿਭਜਨ ਸਿੰਘ ਰਚਿਤ ਦੀਰਘ ਕਾਵਿ 'ਰੁੱਖ਼ ਤੇ ਰਿਸ਼ੀ' : ਰੂਪਾਕਾਰਕ ਅਧਿਐਨ** 67-78
  ਡਾ. ਸਰਬਜੀਤ ਕੌਰ ਸੋਹਲ
- **ਬਹੁ-ਸਭਿਆਚਾਰਵਾਦ ਅਤੇ ਅਜੋਕਾ ਪੰਜਾਬੀ ਪਰਵਾਸ** 79-84
  ਡਾ. ਹਰਿੰਦਰ ਕੌਰ ਸੋਹਲ
- **ਯੁਵਾ ਪੰਜਾਬੀ ਪਰਵਾਸ ਦਾ ਪੰਜਾਬੀ ਸਮਾਜ-ਸਭਿਆਚਾਰ ਉੱਪਰ ਪ੍ਰਭਾਵ** 85-91
  ਡਾ. ਗੁਰਜੀਤ ਕੌਰ ਤੇ ਪ੍ਰੋ. ਰਵਿੰਦਰ ਸਿੰਘ
- **ਪੰਜਾਬ ਦਾ ਗੁੱਜਰ ਕਬੀਲਾ : ਸਮਾਜ-ਸਭਿਆਚਾਰਕ ਪਰਿਪੇਖ** 92-97
  ਡਾ. ਹਰਪ੍ਰੀਤ ਤੇ ਡਾ. ਦਵਿੰਦਰ ਕੌਰ
- **ਸਿੱਖਿਆ ਦਾ ਬਦਲਦਾ ਰੂਪ : ਨਵੀਂ ਸਿੱਖਿਆ ਨੀਤੀ ਦੇ ਸੰਦਰਭ ਵਿਚ** 98-107
  ਡਾ. ਸਰਬਜੀਤ ਸਿੰਘ

❐ **ਨਵੀਂਆਂ ਵੰਗਾਰਾਂ, ਚੁਣੌਤੀਆਂ ਤੇ ਵਿਰੋਧਤਾਈਆਂ ਬਨਾਮ ਸੰਵਾਦਕ ਕਾਵਿਕ ਪ੍ਰਵਚਨ** 108-116
ਡਾ. ਅਰਵਿੰਦਰ ਕੌਰ ਕਾਕੜਾ

❐ **ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਪ੍ਰਗੀਤਕ ਤੱਤ** 117-129
ਡਾ. ਵੀਨਾ ਅਰੋੜਾ

❐ **ਆਧੁਨਿਕ ਪੰਜਾਬੀ ਕਵੀਆਂ ਦਾ ਗੀਤਾ ਸੰਗ ਸੰਵਾਦ** 130-140
ਸੁਨੀਤਾ ਰਾਣੀ

❐ **ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਬਿੰਬਾਂ ਦਾ ਇਕੱਤਰੀਕਰਨ ਅਤੇ ਅਧਿਐਨ** 141-159
ਡਾ. ਸਵਰਨਜੀਤ ਕੌਰ

❐ **ਪੰਜਾਬੀ ਵਿਚ ਲੋਕਚਿਕਿਤਸਾ ਦਾ ਅਧਿਐਨ : ਪਰੰਪਰਾ ਤੇ ਸਮਕਾਲ** 160-169
ਗੁਰਦੇਵ ਸਿੰਘ

❐ **ਪੰਜਾਬ ਦੇ ਨਵੇਂ ਧਾਰਮਿਕ ਰੁਝਾਨ : 21ਵੀਂ ਸਦੀਂ ਵਿਚ ਵਿਚਰਦਿਆਂ** 170-177
ਅਮਨਦੀਪ ਕੌਰ

❐ **ਅਜਮੇਰ ਸਿੱਧੂ ਦਾ ਕਥਾ ਜਗਤ : ਸਮਾਜ-ਸਭਿਆਚਾਰਕ ਸਰੋਕਾਰ** 178-182
ਨਵਜੋਤ ਸਿੰਘ

## ਪੁਸਤਕ ਰੀਵਿਊ

• **ਸਾਹਿਤ ਸੰਜੀਵਨੀ** 183-184
ਜੰਗ ਬਹਾਦੁਰ ਗੋਇਲ

• **ਚੰਨਣ ਰੁੱਖ** 185-186
ਹਰਕੀਰਤ ਕੌਰ

• **ਲਾਕਡਾਊਨ ਅਲਫਾ** 187-188
ਡਾ. ਕਰਨੈਲ ਸ਼ੇਰਗਿੱਲ

• **ਟਰਾਲੀ ਯੁੱਗ** 189-190
ਬਲਬੀਰ ਪਰਵਾਨਾ


• **ਸੂਰਜ ਦੀ ਛਾਵੇਂ** 191-192
ਸ਼ਰਨਜੀਤ ਕੌਰ

• **ਖਿੱਤਾ, ਧਰਮ ਅਤੇ ਰਾਜਨੀਤੀ : ਸ਼੍ਰੋਮਣੀ ਅਕਾਲੀ ਦਲ ਦੇ 100 ਸਾਲ** 193-196
ਪ੍ਰੋ. ਅਮਰਜੀਤ ਸਿੰਘ ਨਾਰੰਗ

# ਸੰਪਾਦਕੀ

**ਸੰਵਾਦ** ਦਾ ਸਤਾਰ੍ਹਵਾਂ ਅੰਕ ਹਾਜ਼ਰ ਹੈ। ਇਹ ਅੰਕ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਜੀ ਦੇ 150 ਸਾਲਾ ਜਨਮ-ਦਿਵਸ ਨੂੰ ਸਮਰਪਿਤ ਹੈ। ਪੰਜਾਬੀ ਸਾਹਿਤ ਵਿਚ ਭਾਈ ਵੀਰ ਸਿੰਘ ਦੀ ਆਮਦ ਨਾਲ ਆਧੁਨਿਕ ਵਿਚਾਰਧਾਰਾ, ਸਾਹਿਤ ਰੂਪ ਤੇ ਵਿਧੀਆਂ ਪ੍ਰਵੇਸ਼ ਕਰਦੀਆਂ ਹਨ। ਜਿਥੇ ਬਾਬਾ ਫ਼ਰੀਦ ਨੂੰ ਪੰਜਾਬੀ ਸਾਹਿਤ ਦਾ ਮੋਢੀ ਮੰਨਿਆਂ ਜਾਂਦਾ ਹੈ, ਉਥੇ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਮੋਢੀ ਮੰਨਿਆਂ ਜਾਂਦਾ ਹੈ। ਇਤਫ਼ਾਕ ਨਾਲ ਇਸ ਚੜ੍ਹੇ ਸਾਲ ਬਾਬੇ ਫ਼ਰੀਦ ਜੀ ਦਾ ਵੀ 850ਵਾਂ ਜਨਮ ਦਿਵਸ ਮਨਾਉਣ ਜਾ ਰਹੇ ਹਾਂ। ਇਸੇ ਸਾਲ ਅਸੀਂ ਪੰਜਾਬੀ ਦੇ ਸਿਰਮੌਰ ਸ਼ਾਇਰ ਵਾਰਿਸ ਸ਼ਾਹ ਦੀ ਤੀਜੀ ਜਨਮ-ਸ਼ਤਾਬਦੀ ਮਨਾ ਕੇ ਹਟੇ ਹਾਂ। ਸੋ ਇਹ ਸਾਲ ਵੱਡੇ ਸ਼ਾਇਰਾਂ ਦੀਆਂ ਜਨਮ-ਸ਼ਤਾਬਦੀਆਂ ਦੇ ਸਾਲ ਹਨ ਅਤੇ ਅਸੀਂ ਖੁਸ਼ਨਸੀਬ ਹਾਂ ਕਿ ਸਾਨੂੰ ਇਨ੍ਹਾਂ ਮਹਾਨ ਸ਼ਾਇਰਾਂ ਨੂੰ ਸ਼ਤਾਬਦੀਆਂ ਮੌਕੇ ਯਾਦ ਕਰਨ ਦਾ ਅਵਸਰ ਪ੍ਰਾਪਤ ਹੋ ਰਿਹਾ ਹੈ।

**ਸੰਵਾਦ** ਦੇ ਇਸ ਅੰਕ ਵਿਚ ਸਤਾਰ੍ਹਾਂ ਖੋਜ-ਪੱਤਰ ਸ਼ਾਮਿਲ ਹਨ। ਸੰਵਾਦ ਦੀ ਨੀਤੀ ਮੁਤਾਬਕ ਪਹਿਲਾ ਖੋਜ-ਪੱਤਰ ਮਰਹੂਮ ਡਾ. ਕਰਮਜੀਤ ਸਿੰਘ ਜੀ ਦਾ ਹੈ। ਇਹ ਖੋਜ-ਪੱਤਰ 'ਆਧੁਨਿਕਤਾ ਤੇ ਆਧੁਨਿਕ ਕਾਵਿ ਸੰਵੇਦਨਾ' ਨੂੰ ਸਮਝਣ ਸੰਬੰਧੀ ਹੈ। ਇਸ ਵਿਚ ਆਧੁਨਿਕਤਾ ਨੂੰ ਤ੍ਰੈਕਾਲੀ ਸਮੁੱਚਤਾ ਅਤੇ ਆਧੁਨਿਕ ਸੰਵੇਦਨਾ ਨੂੰ ਜੀਵਨ ਦੀ ਸਮੱਗਰਤਾ ਵਜੋਂ ਗ੍ਰਹਿਣ ਕਰਨ ਦੀ ਮਹੱਤਤਾ ਨੂੰ ਪ੍ਰਗਟਾਇਆ ਗਿਆ ਹੈ। ਦੂਸਰਾ ਖੋਜ-ਪੱਤਰ 'ਬਹੁ ਅਤੇ ਪਾਰ ਰਾਸ਼ਟਰੀ ਪੰਜਾਬੀ ਸਭਿਆਚਾਰ' ਸੰਬੰਧੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਨੂੰ ਹੱਦਾਂ-ਸਰਹੱਦਾਂ ਤੋਂ ਪਾਰ ਅਜੋਕੇ ਵਿਸ਼ਵੀ ਪ੍ਰਸੰਗ ਵਿਚ ਜਾਣਨ ਤੇ ਵੇਖਣ 'ਤੇ ਬਲ ਦਿੱਤਾ ਗਿਆ ਹੈ। ਅਗਲਾ ਖੋਜ-ਪੱਤਰ 'ਭਾਈ ਵੀਰ ਸਿੰਘ : ਸਾਹਿਤਕਾਰੀ ਦਾ ਯੁੱਗ ਪੁਰਸ਼' ਹੈ। ਇਸ ਵਿਚ ਭਾਈ ਵੀਰ ਸਿੰਘ ਦੇ ਪਿਛੋਕੜ ਤੇ ਸਮਕਾਲ ਨੂੰ ਸਮਝਦਿਆਂ ਹੋਇਆ ਭਾਈ ਵੀਰ ਸਿੰਘ ਦੀ ਸਾਹਿਤਕ ਤੇ ਸਮਾਜਕ ਦੇਣ ਨੂੰ ਵੱਖ-ਵੱਖ ਪੱਖਾਂ ਤੋਂ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। 'ਪੰਜਾਬੀ ਵੈੱਬਸਾਈਟਾਂ 'ਤੇ ਸ਼ਬਦ ਜੋੜਾਂ ਦੀਆਂ ਗਲਤੀਆਂ : ਸਰਵੇਖਣ ਅਤੇ ਵਿਵੇਚਨ' ਖੋਜ-ਪੱਤਰ ਵਿਚ ਪੰਜਾਬੀ ਦੇ ਸ਼ਬਦ ਜੋੜਾਂ ਦੀਆਂ ਗਲਤੀਆਂ ਅਤੇ ਭਿੰਨਤਾ ਤੋਂ ਸਾਵਧਾਨ ਕਰਦਿਆਂ ਹੋਇਆਂ ਇਨ੍ਹਾਂ ਵਿਚ ਇਕਸਾਰਤਾ ਪੈਦਾ ਕਰਨ ਪ੍ਰਤੀ ਸੁਚੇਤ ਕੀਤਾ ਗਿਆ ਹੈ। 'ਮੱਧਮ-ਮੱਧਮ : ਨਾਰੀ-ਮਨ ਦੀਆਂ ਅਕਾਂਖਿਆਵਾਂ ਦਾ ਕਾਵਿਕ ਪੈਰਾਡਾਈਮ' ਵਿਚ ਔਰਤ-ਮਰਦ ਦੇ ਰਿਸ਼ਤਿਆਂ ਦੀਆਂ ਅਜੋਕੀਆਂ ਹਕੀਕਤਾਂ ਦੇ ਸਨਮੁੱਖ ਸੰਵਾਦ ਵੱਲ ਧਿਆਨ ਦੁਆਇਆ ਗਿਆ ਹੈ। 'ਕਿਸਾਨ ਅੰਦੋਲਨ : ਅਤੇ ਨਵੀਂ ਰਾਜਨੀਤਕ ਚੇਤਨਾ ਦਾ ਆਗਮਨ' ਖੋਜ-ਪੱਤਰ ਵਿਚ ਕਿਸਾਨੀ ਅੰਦੋਲਨ ਨੂੰ ਮਨੁੱਖੀ ਸੰਘਰਸ਼ ਦੇ ਨਵੇਂ ਮਾਨਵੀਂ ਆਸ਼ਾਭਾਵ ਵਜੋਂ ਵੇਖਿਆ ਗਿਆ ਹੈ। ਨਾਲ ਹੀ ਕਿਸੇ ਅੰਦੋਲਨ ਜਾਂ ਨੇਤਾ ਦੀ ਲੋਕਪ੍ਰਿਯਤਾ ਪਰ ਉਸ ਦੀ ਵੋਟ ਸ਼ਕਤੀ ਦੇ ਵੱਖਰੇ ਸੱਚ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਹਰਿਭਜਨ ਸਿੰਘ ਰਚਿਤ ਦੀਰਘ ਕਾਵਿ 'ਰੁੱਖ ਤੇ ਰਿਸ਼ੀ' : ਰੂਪਾਕਾਰਕ ਅਧਿਐਨ' ਵਿਚ ਖੋਜਾਰਥੀ ਨੇ ਇਸ ਨੂੰ ਇਕ ਦਾਰਸ਼ਨਿਕ ਕਾਵਿ ਸਿਰਜਣਾ ਵੀ ਮੰਨਿਆ ਹੈ ਅਤੇ ਕਵੀ ਦੀ ਕਾਵਿ-ਚੇਤਨਾ ਦਾ ਸਿਖ਼ਰ ਵੀ। 'ਬਹੁ-ਸਭਿਆਚਾਰਵਾਦ ਅਤੇ ਅਜੋਕਾ ਪੰਜਾਬੀ ਪਰਵਾਸ' ਖੋਜ-ਪੱਤਰ ਵਿਚ ਮੂਲ ਸਭਿਆਚਾਰ ਦੇ ਪ੍ਰਸੰਗ ਵਿਚ ਪਰਵਾਸੀਆਂ ਦੇ ਗੌਣ ਸਭਿਆਚਾਰ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਵੇਖਿਆ ਗਿਆ ਹੈ। 'ਪੰਜਾਬ ਦਾ ਗੁੱਜਰ ਕਬੀਲਾ :



**ਡਾ. ਮਹਿਲ ਸਿੰਘ**
**ਡਾ. ਆਤਮ ਸਿੰਘ ਰੰਧਾਵਾ**
sanvadpunjabi
@gmail.com
98722-17273

ਸਮਾਜ ਸਭਿਆਚਾਰਕ ਪਰਿਪੇਖ' ਵਿਚ ਗੁੱਜਰ ਕਬੀਲੇ ਦੀ ਭਾਸ਼ਾਈ ਸਮਰੱਥਾ ਤੇ ਉਨ੍ਹਾਂ ਦੀ ਆਪਣੀ ਕਿਸਮ ਦੀ ਖਾਨਾਬਦੋਸ਼ ਰਹਿਤਲ ਨੂੰ ਜਾਣਿਆ ਗਿਆ ਹੈ। 'ਸਿੱਖਿਆ ਦਾ ਬਦਲਦਾ ਰੂਪ : ਨਵੀਂ ਸਿੱਖਿਆ ਨੀਤੀ ਦੇ ਸੰਦਰਭ ਵਿੱਚ' ਖੋਜ-ਪੱਤਰ ਵਿਚ ਨਵੀਂ ਸਿੱਖਿਆ ਨੀਤੀ 2020 ਦੀਆਂ ਸੀਮਾਵਾਂ ਤੇ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਤੋਂ ਅਗਲਾ ਖੋਜ-ਪੱਤਰ 'ਮਨ ਦੀ ਚਿੱਪ' ਕਾਵਿ ਪੁਸਤਕ ਬਾਰੇ ਹੈ। ਇਸ ਖੋਜ-ਪੱਤਰ ਵਿਚ ਨਵੀਂ ਤਕਨਾਲੋਜੀ ਦੇ ਪ੍ਰਸੰਗ ਵਿਚ ਪੈਦਾ ਹੋ ਰਹੀ ਬੇਗਾਨਗੀ ਤੋਂ ਸਾਵਧਾਨ ਕਰਦਿਆਂ ਹੋਇਆ ਮਾਨਵੀ ਸੰਵੇਦਨਾਵਾਂ ਨਾਲ ਜੁੜਨ ਦੀ ਲੋੜ ਨੂੰ ਉਭਾਰਿਆ ਗਿਆ ਹੈ। 'ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਪ੍ਰਗੀਤਕ ਤੱਤ' ਲੇਖ ਵਿਚ ਬੁੱਲ੍ਹੇ ਸ਼ਾਹ ਦੀ ਕਵਿਤਾ ਦੇ ਰੂਪਾਕਾਰ ਤੇ ਇਸ ਦੀ ਰੂਪਕੀ ਸੁਰ ਨੂੰ ਪਛਾਣਨ 'ਤੇ ਜ਼ੋਰ ਦਿੱਤਾ ਗਿਆ ਹੈ। 'ਆਧੁਨਿਕ ਪੰਜਾਬੀ ਕਵੀਆਂ ਦਾ ਗੀਤਾ ਸੰਗ ਸੰਵਾਦ' ਖੋਜ-ਪੱਤਰ ਵਿਚ ਵੱਖ-ਵੱਖ ਕਵੀਆਂ ਦੀਆਂ ਕਵਿਤਾਵਾਂ ਦੇ ਕਾਵਿ-ਟੋਟਿਆਂ ਰਾਹੀਂ ਅਜੋਕੀ ਕਵਿਤਾ ਦੀ ਨਿਰਖ-ਪਰਖ ਕੀਤੀ ਗਈ ਹੈ। 'ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਬਿੰਬਾਂ ਦਾ ਇਕੱਤਰੀਕਰਨ ਅਤੇ ਅਧਿਐਨ' ਵਿਚ ਬਿੰਬ ਦੀਆਂ ਕਿਸਮਾਂ ਅਤੇ ਵਿਰਕ ਦੀਆਂ ਕਹਾਣੀਆਂ ਵਿਚ ਇਨ੍ਹਾਂ ਦੀ ਵਰਤੋਂ ਨੂੰ ਸਾਹਮਣੇ ਲਿਆਂਦਾ ਗਿਆ ਹੈ। 'ਪੰਜਾਬੀ ਵਿਚ ਲੋਕਚਿਕਿਤਸਾ ਦਾ ਅਧਿਐਨ : ਪਰੰਪਰਾ ਤੇ ਸਮਕਾਲ' ਵਿਚ ਲੋਕਚਿਕਿਤਸਾ ਦੀ ਇਲਾਜ ਪ੍ਰਣਾਲੀ ਅਤੇ ਇਸ ਦੇ ਭੂਗੋਲਿਕ ਸੰਦਰਭ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। 'ਪੰਜਾਬ ਦੇ ਨਵੇਂ ਧਾਰਮਿਕ ਰੁਝਾਨ : 21ਵੀਂ ਸਦੀ ਵਿਚ ਵਿਚਰਦਿਆਂ' ਖੋਜ-ਪੱਤਰ ਵਿਚ ਰੁਜ਼ਗਾਰ ਜਾਂ ਆਰਥਿਕ ਮੰਦੀ ਦੇ ਪੱਖ ਤੋਂ ਅਜੋਕੇ ਆਧੁਨਿਕ ਦੌਰ ਵਿਚ ਉੱਭਰ ਰਹੀ ਧਾਰਮਿਕ ਤੇ ਡੇਰਾਵਾਦੀ ਸਿਆਸਤ ਦੇ ਬੜ੍ਹਾਵੇ ਨੂੰ ਚਿੰਤਾ ਦੇ ਪੱਖ ਤੋਂ ਵੇਖਿਆ ਗਿਆ ਹੈ। 'ਅਜਮੇਰ ਸਿੱਧੂ ਦਾ ਕਥਾ ਜਗਤ : ਸਮਾਜ-ਸਭਿਆਚਾਰਕ ਸਰੋਕਾਰ' ਲੇਖ ਵਿਚ ਕਹਾਣੀਆਂ ਦੀਆਂ ਬਿਰਤਾਂਤਕ ਤੇ ਕਥਾ-ਜੁਗਤਾਂ ਨੂੰ ਸਮਾਜਕ ਸੰਦਰਭ ਨਾਲ ਜੋੜ ਕੇ ਵੇਖਿਆ ਗਿਆ ਹੈ।

ਇਸ ਤੋਂ ਅੱਗੇ ਕੁਝ ਸੱਜਰੇ ਸਾਹਿਤ ਦੇ ਰੀਵਿਊ ਹਨ। ਇਨ੍ਹਾਂ ਵਿਚ ਕੁਝ ਨਵੀਆਂ ਪੁਸਤਕਾਂ ਦੇ ਬਣਦੇ ਸਾਹਿਤਕੀ ਮਹੱਤਵ ਅਤੇ ਇਨ੍ਹਾਂ ਦੇ ਰੂਪਾਗਤ ਲੱਛਣਾਂ ਸਮੇਤ ਟਿੱਪਣੀਆਂ ਪੇਸ਼ ਹੋਈਆਂ ਹਨ।

ਇਸ ਤਰ੍ਹਾਂ ਉਪਰੋਕਤ ਅੰਕ ਦੇ ਖੋਜ-ਪੱਤਰਾਂ ਵਿਚ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਪ੍ਰਤੀ ਵੰਨ-ਸੁਵੰਨਤਾ ਹੈ। ਇਸ ਵਿਚ ਸਮਾਜ ਦੀ ਮੌਜੂਦਾ ਸਿਆਸੀ ਤੇ ਵਿਦਿਅਕ ਨੀਤੀ ਨਾਲ ਜੁੜੇ ਲੇਖ ਵੀ ਹਨ। ਇਸ ਤਰ੍ਹਾਂ ਇਹ ਅੰਕ ਸਾਹਿਤ ਸੰਬੰਧੀ ਵੀ ਹੈ ਤੇ ਅਜੋਕੇ ਸਮਾਜ ਸੰਬੰਧੀ ਵੀ। ਕੁਝ ਨਵੇਂ ਖੋਜਾਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੇ ਖੋਜ-ਪੱਤਰ ਸ਼ਾਮਿਲ ਕੀਤੇ ਗਏ ਹਨ। ਇਹ ਅੰਕ ਆਪਣੇ ਸਾਹਿਤਕ ਤੇ ਸਮਾਜਕ ਮਹੱਤਵ ਵਜੋਂ ਪਾਠਕਾਂ ਦੀ ਕਚਿਹਰੀ ਵਿਚ ਪੇਸ਼ ਹੈ।

-ਡਾ. ਮਹਿਲ ਸਿੰਘ
-ਡਾ. ਆਤਮ ਸਿੰਘ ਰੰਧਾਵਾ

◈